# HIPAA ਨਿੱਜਤਾ ਅਭਿਆਸਾਂ ਦਾ ਨੋਟਿਸ

Beth Israel Lahey Health

## ਇਹ ਨੋਟਿਸ ਦੱਸਦਾ ਹੈ ਕਿ ਤੁਹਾਡੇ ਬਾਰੇ ਡਾਕਟਰੀ ਜਾਣਕਾਰੀ ਦੀ ਵਰਤੋਂ ਅਤੇ ਖੁਲਾਸਾ ਕਿਵੇਂ ਕੀਤਾ ਜਾ ਸਕਦਾ ਹੈ ਅਤੇ ਤੁਸੀਂ ਇਸ ਜਾਣਕਾਰੀ ਤੱਕ ਪਹੁੰਚ ਕਿਵੇਂ ਪ੍ਰਾਪਤ ਕਰ ਸਕਦੇ ਹੋ। ਕਿਰਪਾ ਕਰਕੇ ਇਸਦੀ ਧਿਆਨ ਨਾਲ ਸਮੀਖਿਆ ਕਰੋ।

ਬੈਥ ਇਜ਼ਰਾਈਲ ਲਾਹੇ ਹੈਲਥ (Beth Israel Lahey Health, BILH) ਤੁਹਾਡੀ ਨਿੱਜਤਾ ਦਾ ਸਤਿਕਾਰ ਕਰਦੀ ਹੈ। ਇਹ ਨੋਟਿਸ ਤੁਹਾਡੀ ਡਾਕਟਰੀ ਜਾਣਕਾਰੀ ਦੇ ਸਬੰਧ ਵਿੱਚ ਤੁਹਾਡੇ ਅਧਿਕਾਰਾਂ ਅਤੇ ਸਾਡੀਆਂ ਜ਼ਿੰਮੇਵਾਰੀਆਂ ਬਾਰੇ ਦੱਸਦਾ ਹੈ।

ਇਸ ਨੋਟਿਸ ਵਿੱਚ ਦੱਸੇ ਗਏ ਅਭਿਆਸ ਸਾਰੇ BILH ਦੇਖਭਾਲ ਕੇਂਦਰਾਂ 'ਤੇ ਲਾਗੂ ਹੁੰਦੇ ਹਨ। ਇਸ ਵਿੱਚ ਸਾਡੇ ਹਸਪਤਾਲ, ਕਲੀਨਿਕ ਅਤੇ ਹੋਰ ਸਥਾਨ ਸ਼ਾਮਲ ਹਨ ਜੋ bilh.org/coveredentities 'ਤੇ ਸੂਚੀਬੱਧ ਹਨ।

ਇਹ ਨੋਟਿਸ BILH ਦੇ ਸਾਰੇ ਕਰਮਚਾਰੀਆਂ, ਸਟਾਫ, ਸਿਖਿਆਰਥੀਆਂ, ਵਲੰਟੀਅਰਾਂ ਅਤੇ ਹੋਰਾਂ 'ਤੇ ਲਾਗੂ ਹੁੰਦਾ ਹੈ ਜੋ ਤੁਹਾਡੀ ਦੇਖਭਾਲ ਪ੍ਰਦਾਨ ਕਰਨ ਵਿੱਚ ਮਦਦ ਕਰਦੇ ਹਨ।

ਇਹ ਨੋਟਿਸ ਉਹਨਾਂ ਨਿੱਜੀ ਡਾਕਟਰਾਂ 'ਤੇ ਵੀ ਲਾਗੂ ਹੁੰਦਾ ਹੈ ਜੋ BILH ਦੇਖਭਾਲ ਕੇਂਦਰ ਵਿੱਚ ਤੁਹਾਡਾ ਇਲਾਜ ਕਰਦੇ ਹਨ। ਜੇਕਰ ਉਹ ਤੁਹਾਨੂੰ ਆਪਣੇ ਨਿੱਜੀ ਦਫ਼ਤਰ ਵਿੱਚ ਦੇਖਦੇ ਹਨ, ਤਾਂ ਉਹ ਤੁਹਾਨੂੰ ਆਪਣਾ ਨਿੱਜੀ ਨੋਟਿਸ ਦੇਣਗੇ।

### ਕਾਨੂੰਨ ਦੁਆਰਾ ਸਾਡੇ ਲਈ ਇਹ ਜ਼ਰੂਰੀ ਹੈ ਕਿ:

- ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ ਨੂੰ ਨਿੱਜੀ ਰੱਖੀਏ;
- ਤੁਹਾਨੂੰ ਸਾਡੀਆਂ ਕਾਨੂੰਨੀ ਡਿਊਟੀਆਂ ਅਤੇ ਨਿੱਜਤਾ ਅਭਿਆਸਾਂ ਦਾ ਇਹ ਨੋਟਿਸ ਪ੍ਰਦਾਨ ਕਰੀਏ;
- ਜੇਕਰ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ ਦੀ ਉਲੰਘਣਾ ਹੁੰਦੀ ਹੈ, ਤਾਂ ਤੁਹਾਨੂੰ ਸੂਚਿਤ ਕਰੀਏ; ਅਤੇ
- ਸਾਡੇ ਨਿੱਜਤਾ ਅਭਿਆਸਾਂ ਦੇ ਨੋਟਿਸ ਦੀਆਂ ਸ਼ਰਤਾਂ ਦੀ ਪਾਲਣਾ ਕਰੀਏ ਜੋ ਵਰਤਮਾਨ ਵਿੱਚ ਪ੍ਰਭਾਵੀ ਹਨ।

### ਇਸ ਨੋਟਿਸ ਦੀ ਪ੍ਰਭਾਵੀ ਮਿਤੀ:

**ਇਹ ਨੋਟਿਸ 16 ਫਰਵਰੀ, 2026 ਤੋਂ ਪ੍ਰਭਾਵੀ ਹੈ।**

### ਸਾਡਾ ਨਿੱਜਤਾ ਅਭਿਆਸਾਂ ਦਾ ਨੋਟਿਸ ਹੇਠ ਲਿਖੀਆਂ ਭਾਸ਼ਾਵਾਂ ਵਿੱਚ ਉਪਲਬਧ ਹੈ:

ਅਰਬੀ | ਆਰਮੀਨੀਆਈ | ਕੇਪ ਵਰਡੀਅਨ | ਅੰਗਰੇਜ਼ੀ | ਫ੍ਰੈਂਚ | ਗ੍ਰੀਕ | ਗੁਜਰਾਤੀ | ਹੈਤੀਆਈ ਕ੍ਰੀਓਲ | ਹਿੰਦੀ | ਇਤਾਲਵੀ | ਜਾਪਾਨੀ | ਖਮੇਰ | ਕੋਰੀਆਈ | ਪੁਰਤਗਾਲੀ | ਪੰਜਾਬੀ | ਰੂਸੀ | ਸਰਲ ਚੀਨੀ | ਸਪੈਨਿਸ਼ | ਰਵਾਇਤੀ ਚੀਨੀ | ਵੀਅਤਨਾਮੀ

## ਤੁਹਾਡੀ ਡਾਕਟਰੀ ਜਾਣਕਾਰੀ ਦੇ ਸਬੰਧ ਵਿੱਚ ਤੁਹਾਡੇ ਅਧਿਕਾਰ

**ਤੁਹਾਡੇ ਮੈਡੀਕਲ ਰਿਕਾਰਡਾਂ ਨੂੰ ਦੇਖਣ ਜਾਂ ਕਾਪੀ ਪ੍ਰਾਪਤ ਕਰਨ ਦਾ ਅਧਿਕਾਰ** ਤੁਹਾਨੂੰ ਆਪਣੇ ਮੈਡੀਕਲ ਜਾਂ ਬਿਲਿੰਗ ਰਿਕਾਰਡਾਂ ਨੂੰ ਦੇਖਣ ਜਾਂ ਉਹਨਾਂ ਦੀ ਕਾਗਜ਼ੀ ਜਾਂ ਇਲੈਕਟ੍ਰਾਨਿਕ ਕਾਪੀ ਪ੍ਰਾਪਤ ਕਰਨ ਦਾ ਅਧਿਕਾਰ ਹੈ।

ਤੁਹਾਡੀ ਬੇਨਤੀ ਤੁਹਾਡੇ BILH ਦੇਖਭਾਲ ਕੇਂਦਰ ਨੂੰ ਲਿਖਤੀ ਰੂਪ ਵਿੱਚ ਹੋਣੀ ਚਾਹੀਦੀ ਹੈ। ਅਸੀਂ ਤੁਹਾਡੀ ਬੇਨਤੀ ਨਾਲ ਸਬੰਧਤ ਕਾਪੀ ਕਰਨ, ਡਾਕ ਰਾਹੀਂ ਭੇਜਣ ਜਾਂ ਹੋਰ ਸਪਲਾਈਆਂ ਦੇ ਖਰਚਿਆਂ ਲਈ ਉਚਿਤ ਫੀਸ ਲੈ ਸਕਦੇ ਹਾਂ। ਅਸੀਂ ਤੁਹਾਡੀ ਬੇਨਤੀ ਨੂੰ 30 ਦਿਨਾਂ ਵਿੱਚ ਪੂਰਾ ਕਰਾਂਗੇ ਜਾਂ ਜੇਕਰ ਸਾਨੂੰ ਵਧੇਰੇ ਸਮਾਂ ਚਾਹੀਦਾ ਹੈ ਤਾਂ ਤੁਹਾਨੂੰ ਦੱਸਾਂਗੇ। ਤੁਸੀਂ ਆਪਣੇ BILH MyChart ਖਾਤੇ ਦੀ ਵਰਤੋਂ ਕਰਕੇ ਵੀ ਆਪਣੇ ਰਿਕਾਰਡਾਂ ਦੀ ਬੇਨਤੀ ਕਰ ਸਕਦੇ ਹੋ।

ਕੁਝ ਮਾਮਲਿਆਂ ਵਿੱਚ, ਅਸੀਂ ਤੁਹਾਡੀ ਬੇਨਤੀ ਨੂੰ ਅਸਵੀਕਾਰ ਕਰ ਸਕਦੇ ਹਾਂ। ਅਸੀਂ ਲਿਖਤੀ ਰੂਪ ਵਿੱਚ ਕਾਰਨ ਦੱਸਾਂਗੇ ਅਤੇ ਤੁਹਾਨੂੰ ਅਗਲੇ ਕਦਮਾਂ ਬਾਰੇ ਜਾਣਕਾਰੀ ਦੇਵਾਂਗੇ।

### ਗੁਪਤ ਸੰਚਾਰ ਦੀ ਬੇਨਤੀ ਕਰਨ ਦਾ ਅਧਿਕਾਰ

ਤੁਹਾਨੂੰ ਸਾਡੇ ਕੋਲੋਂ ਇਹ ਮੰਗ ਕਰਨ ਦਾ ਅਧਿਕਾਰ ਹੈ ਕਿ ਅਸੀਂ ਡਾਕਟਰੀ ਮਾਮਲਿਆਂ ਬਾਰੇ ਤੁਹਾਡੇ ਨਾਲ ਇੱਕ ਖਾਸ ਤਰੀਕੇ ਨਾਲ ਜਾਂ ਇੱਕ ਖਾਸ ਸਥਾਨ 'ਤੇ ਸੰਪਰਕ ਕਰੀਏ। ਉਦਾਹਰਨ ਲਈ, ਤੁਸੀਂ ਪੁੱਛ ਸਕਦੇ ਹੋ ਕਿ ਅਸੀਂ ਤੁਹਾਡੇ ਪੋਸਟ ਆਫਿਸ ਬਾਕਸ 'ਤੇ ਡਾਕ ਭੇਜੀਏ ਜਾਂ ਸਿਰਫ਼ ਤੁਹਾਡੇ ਘਰ ਦੇ ਨੰਬਰ 'ਤੇ ਫ਼ੋਨ ਕਰੀਏ।

ਤੁਹਾਨੂੰ ਇਹ ਬੇਨਤੀ ਆਪਣੇ BILH ਦੇਖਭਾਲ ਕੇਂਦਰ 'ਤੇ ਲਿਖਤੀ ਰੂਪ ਵਿੱਚ ਕਰਨੀ ਚਾਹੀਦੀ ਹੈ ਅਤੇ ਸਾਨੂੰ ਦੱਸਣਾ ਚਾਹੀਦਾ ਹੈ ਕਿ ਤੁਸੀਂ ਕਿਸ ਤਰ੍ਹਾਂ ਸੰਪਰਕ ਕੀਤਾ ਜਾਣਾ ਚਾਹੁੰਦੇ ਹੋ। ਅਸੀਂ ਸਾਰੀਆਂ ਵਾਜਬ ਬੇਨਤੀਆਂ ਨਾਲ ਸਹਿਮਤ ਹੋਵਾਂਗੇ।

ਤੁਸੀਂ ਆਪਣੇ BILH MyChart ਖਾਤੇ ਵਿੱਚ ਆਪਣੀਆਂ "ਸੰਚਾਰ ਤਰਜੀਹਾਂ" ਵੀ ਦੱਸ ਸਕਦੇ ਹੋ।

### ਪਾਬੰਦੀਆਂ ਦੀ ਮੰਗ ਕਰਨ ਦਾ ਅਧਿਕਾਰ

ਤੁਹਾਨੂੰ ਸਾਡੇ ਕੋਲੋਂ ਇਹ ਮੰਗ ਕਰਨ ਦਾ ਅਧਿਕਾਰ ਹੈ ਕਿ ਅਸੀਂ ਤੁਹਾਡੀ ਡਾਕਟਰੀ ਜਾਣਕਾਰੀ BILH ਤੋਂ ਬਾਹਰ ਸਾਂਝੀ ਨਾ ਕਰੀਏ - ਜਾਂ ਸਾਂਝਾ ਕਰਨ 'ਤੇ "ਪਾਬੰਦੀ" ਲਗਾਈਏ। ਸਾਡੇ ਲਈ ਤੁਹਾਡੀ ਬੇਨਤੀ ਨਾਲ
ਸਹਿਮਤ ਹੋਣਾ ਲਾਜ਼ਮੀ ਨਹੀਂ ਹੈ, ਪਰ ਜੇਕਰ ਅਸੀਂ ਸਹਿਮਤ ਹੁੰਦੇ ਹਾਂ, ਤਾਂ ਅਸੀਂ ਤੁਹਾਡੀ ਬੇਨਤੀ ਦਾ ਸਤਿਕਾਰ ਕਰਾਂਗੇ।

ਤੁਹਾਡੇ ਕੋਲ ਇਹ ਕਹਿਣ ਦਾ ਅਧਿਕਾਰ ਹੈ ਕਿ ਅਸੀਂ ਤੁਹਾਡੀ ਡਾਕਟਰੀ ਜਾਣਕਾਰੀ ਤੁਹਾਡੇ ਸਿਹਤ ਬੀਮਾਕਰਤਾ ਨਾਲ ਸਾਂਝੀ ਨਹੀਂ ਕਰ ਸਕਦੇ ਜੇਕਰ ਤੁਸੀਂ ਕਿਸੇ ਸੇਵਾ ਜਾਂ ਸਿਹਤ ਸੰਭਾਲ ਵਸਤੂ ਲਈ ਆਪਣੀ ਜੇਬ ਵਿੱਚੋਂ ਪੂਰਾ ਭੁਗਤਾਨ ਕੀਤਾ ਹੈ। ਇਸ ਸਥਿਤੀ ਵਿੱਚ, ਸਾਡੇ ਲਈ ਸਹਿਮਤ ਹੋਣਾ ਲਾਜ਼ਮੀ ਹੈ।

### ਤੁਹਾਡੇ ਰਿਕਾਰਡ ਵਿੱਚ ਸੋਧ ਕਰਨ ਦੀ ਮੰਗ ਕਰਨ ਦਾ ਅਧਿਕਾਰ

ਤੁਹਾਨੂੰ ਸਾਡੇ ਕੋਲੋਂ ਆਪਣੇ ਬਾਰੇ ਸਿਹਤ ਜਾਂ ਬਿਲਿੰਗ ਜਾਣਕਾਰੀ ਦੀ ਸਮੀਖਿਆ ਕਰਨ ਲਈ ਕਹਿਣ ਦਾ ਅਧਿਕਾਰ ਹੈ ਜਿਸਨੂੰ ਤੁਸੀਂ ਗਲਤ ਜਾਂ ਅਧੂਰੀ ਮੰਨਦੇ ਹੋ। ਤੁਹਾਡੀ ਬੇਨਤੀ ਤੁਹਾਡੇ BILH ਦੇਖਭਾਲ ਕੇਂਦਰ ਨੂੰ ਲਿਖਤੀ ਰੂਪ ਵਿੱਚ ਹੋਣੀ ਚਾਹੀਦੀ ਹੈ ਅਤੇ ਇਸ ਵਿੱਚ ਤੁਹਾਡੀ ਬੇਨਤੀ ਦਾ ਕਾਰਨ ਵੀ ਹੋਣਾ ਚਾਹੀਦਾ ਹੈ।

ਅਸੀਂ 60 ਦਿਨਾਂ ਦੇ ਅੰਦਰ ਜਵਾਬ ਦੇਵਾਂਗੇ। ਜੇਕਰ ਅਸੀਂ ਤੁਹਾਡੀ ਬੇਨਤੀ ਨਾਲ ਸਹਿਮਤ ਹੁੰਦੇ ਹਾਂ, ਤਾਂ ਅਸੀਂ ਤੁਹਾਡੇ ਰਿਕਾਰਡ ਨੂੰ ਅੱਪਡੇਟ ਕਰਾਂਗੇ ਅਤੇ ਤੁਹਾਨੂੰ ਪੁੱਛਾਂਗੇ ਕਿ ਸੋਧੀ ਹੋਈ ਜਾਣਕਾਰੀ ਹੋਰ ਕਿਸ ਨੂੰ ਮਿਲਣੀ ਚਾਹੀਦੀ ਹੈ।

ਕੁਝ ਮਾਮਲਿਆਂ ਵਿੱਚ, ਅਸੀਂ ਤੁਹਾਡੀ ਬੇਨਤੀ ਨੂੰ ਅਸਵੀਕਾਰ ਕਰ ਸਕਦੇ ਹਾਂ। ਅਸੀਂ ਲਿਖਤੀ ਰੂਪ ਵਿੱਚ ਕਾਰਨ ਦੱਸਾਂਗੇ ਅਤੇ ਤੁਹਾਨੂੰ ਅਗਲੇ ਕਦਮਾਂ ਬਾਰੇ ਜਾਣਕਾਰੀ ਦੇਵਾਂਗੇ।

### ਖੁਲਾਸਿਆਂ ਦੇ ਲੇਖਾ-ਜੋਖਾ ਦੀ ਮੰਗ ਕਰਨ ਦਾ ਅਧਿਕਾਰ

ਇੱਕ "ਲੇਖਾ-ਜੋਖਾ" ਉਹਨਾਂ ਖਾਸ ਸਮਿਆਂ ਦੀ ਸੂਚੀ ਹੈ ਜਦੋਂ ਅਸੀਂ ਤੁਹਾਨੂੰ ਪੇਸ਼ਗੀ ਨੋਟਿਸ ਦਿੱਤੇ ਬਿਨਾਂ BILH ਤੋਂ ਬਾਹਰ ਦੇ ਹੋਰਾਂ ਨਾਲ ਤੁਹਾਡੀ ਜਾਣਕਾਰੀ ਸਾਂਝੀ ਕੀਤੀ ਸੀ।

ਇਸ ਸੂਚੀ ਵਿੱਚ ਇਹ ਸ਼ਾਮਲ ਨਹੀਂ ਹਨ: ਇਲਾਜ, ਭੁਗਤਾਨ, ਜਾਂ ਸਿਹਤ ਸੰਭਾਲ ਕਾਰਜਾਂ ਲਈ ਸਾਂਝਾ ਕਰਨਾ; ਤੁਹਾਡੇ ਨਾਲ ਸਾਂਝਾ ਕਰਨਾ; ਜਾਂ ਤੁਹਾਡੀ ਇਜਾਜ਼ਤ ਨਾਲ ਸਾਂਝਾ ਕਰਨਾ।

ਤੁਸੀਂ ਪਿਛਲੇ ਛੇ ਸਾਲਾਂ ਲਈ ਲੇਖਾ-ਜੋਖਾ ਕਰਨ ਦੀ ਬੇਨਤੀ ਕਰ ਸਕਦੇ ਹੋ। ਬੇਨਤੀਆਂ ਤੁਹਾਡੇ BILH ਦੇਖਭਾਲ ਕੇਂਦਰ ਨੂੰ ਲਿਖਤੀ ਰੂਪ ਵਿੱਚ ਹੋਣੀਆਂ ਚਾਹੀਦੀਆਂ ਹਨ।
ਅਸੀਂ 60 ਦਿਨਾਂ ਦੇ ਅੰਦਰ ਜਵਾਬ ਦੇਵਾਂਗੇ। ਤੁਸੀਂ ਪ੍ਰਤੀ ਸਾਲ ਇੱਕ ਮੁਫ਼ਤ ਲੇਖਾ-ਜੋਖਾ ਪ੍ਰਾਪਤ ਕਰ ਸਕਦੇ ਹੋ।

### ਸ਼ਿਕਾਇਤ ਕਰਨ ਦਾ ਅਧਿਕਾਰ

ਜੇਕਰ ਤੁਹਾਨੂੰ ਲੱਗਦਾ ਹੈ ਕਿ ਅਸੀਂ ਤੁਹਾਡੇ ਨਿੱਜਤਾ ਦੇ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ, ਤਾਂ ਤੁਸੀਂ ਸਾਡੇ ਕੋਲ ਜਾਂ ਸੰਘੀ ਸਰਕਾਰ ਕੋਲ ਸ਼ਿਕਾਇਤ ਕਰ ਸਕਦੇ ਹੋ।

BILH ਨੂੰ ਸਾਰੀਆਂ ਸ਼ਿਕਾਇਤਾਂ ਤੁਹਾਡੇ BILH ਦੇਖਭਾਲ ਕੇਂਦਰ ਨੂੰ ਲਿਖਤੀ ਰੂਪ ਵਿੱਚ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜਾਂ ਸਾਨੂੰ ਸ਼ਿਕਾਇਤ ਭੇਜਣ ਵਿੱਚ ਮਦਦ ਲਈ BILH ਇੰਟੈਗ੍ਰਿਟੀ ਐਂਡ ਕੰਪਲਾਇੰਸ (Integrity & Compliance-ਨਿਰਪੱਖਤਾ ਅਤੇ ਨਿਯਮਾਂ ਦੀ ਪਾਲਣਾ) ਨੂੰ ਇਸ ਨੰਬਰ 'ਤੇ ਕਾਲ ਕਰੋ: (617) 278-8300.

ਤੁਸੀਂ ਅਮਰੀਕੀ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੇ ਨਾਗਰਿਕ ਅਧਿਕਾਰਾਂ ਲਈ ਦਫ਼ਤਰ (Office for Civil Rights, OCR) ਨਾਲ ਫ਼ੋਨ (877) 696-6775 ਰਾਹੀਂ, ਆਨਲਾਈਨ, ਜਾਂ ਲਿਖਤੀ ਰੂਪ ਵਿੱਚ ਇਸ ਪਤੇ 'ਤੇ ਸੰਪਰਕ ਕਰ ਸਕਦੇ ਹੋ: Office for Civil Rights, 200 Independence Avenue, S.W., Washington, D.C. 20201 (ਸਿਵਲ ਰਾਈਟਸ ਲਈ ਦਫ਼ਤਰ, 200 ਇੰਡੀਪੈਂਡੈਂਸ ਐਵੇਨਿਊ, S.W., ਵਾਸ਼ਿੰਗਟਨ, D.C. 20201.)

ਸ਼ਿਕਾਇਤ ਦਰਜ ਕਰਨ ਲਈ ਤੁਹਾਨੂੰ ਕਿਸੇ ਤਰ੍ਹਾਂ ਦਾ ਜ਼ੁਰਮਾਨਾ ਨਹੀਂ ਲਗਾਇਆ ਜਾਵੇਗਾ ਅਤੇ ਨਾ ਹੀ ਤੁਹਾਡੇ ਵਿਰੁੱਧ ਕੋਈ ਬਦਲਾਖੋਰੀ ਵਾਲੀ ਕਾਰਵਾਈ ਕੀਤੀ ਜਾਵੇਗੀ।

### ਇਸ ਨੋਟਿਸ ਦੀ ਕਾਗਜ਼ੀ ਕਾਪੀ ਪ੍ਰਾਪਤ ਕਰਨ ਦਾ ਅਧਿਕਾਰ

ਤੁਹਾਨੂੰ ਇਸ ਨੋਟਿਸ ਦੀ ਕਾਗਜ਼ੀ ਕਾਪੀ ਪ੍ਰਾਪਤ ਕਰਨ ਦਾ ਅਧਿਕਾਰ ਹੈ, ਭਾਵੇਂ ਤੁਸੀਂ ਇਸਨੂੰ ਇਲੈਕਟ੍ਰਾਨਿਕ ਰੂਪ ਵਿੱਚ ਪ੍ਰਾਪਤ ਕਰਨ ਲਈ ਸਹਿਮਤ ਹੋਏ ਹੋਵੋ। ਕਿਸੇ ਵੀ BILH ਦੇਖਭਾਲ ਕੇਂਦਰ 'ਤੇ ਸਾਡੇ ਕੋਲੋਂ ਇਸਦੀ ਮੰਗ ਕਰੋ।

## ਅਸੀਂ ਤੁਹਾਡੀ ਡਾਕਟਰੀ ਜਾਣਕਾਰੀ ਦੀ ਵਰਤੋਂ ਅਤੇ ਸਾਂਝਾ ਕਿਵੇਂ ਕਰ ਸਕਦੇ ਹਾਂ

ਹੇਠਾਂ ਉਹ ਵੱਖ-ਵੱਖ ਤਰੀਕੇ ਦਿੱਤੇ ਗਏ ਹਨ ਜਿਨ੍ਹਾਂ ਰਾਹੀਂ ਸਾਨੂੰ ਤੁਹਾਡੀ ਡਾਕਟਰੀ ਜਾਣਕਾਰੀ ਦੀ ਵਰਤੋਂ ਕਰਨ ਅਤੇ ਸਾਂਝਾ ਕਰਨ ਦੀ ਇਜਾਜ਼ਤ ਹੈ। ਹਰੇਕ ਸ਼੍ਰੇਣੀ ਲਈ, ਅਸੀਂ ਵਿਆਖਿਆ ਕਰਾਂਗੇ ਕਿ ਸਾਡਾ ਕੀ ਮਤਲਬ ਹੈ ਅਤੇ ਕੁਝ ਉਦਾਹਰਨਾਂ ਦੇਵਾਂਗੇ। ਹਰੇਕ ਉਦਾਹਰਨ ਸੂਚੀਬੱਧ ਨਹੀਂ ਹੈ, ਪਰ ਸਾਡੇ ਦੁਆਰਾ ਤੁਹਾਡੀ ਜਾਣਕਾਰੀ ਦੀ ਵਰਤੋਂ ਅਤੇ ਸਾਂਝਾ ਕਰਨ ਦੇ ਸਾਰੇ ਤਰੀਕੇ ਇਹਨਾਂ ਵਿੱਚੋਂ ਕਿਸੇ ਇੱਕ ਸ਼੍ਰੇਣੀ ਵਿੱਚ ਆਉਣਗੇ।

### ਤੁਹਾਡੇ ਇਲਾਜ ਲਈ

ਅਸੀਂ ਤੁਹਾਡੀ ਦੇਖਭਾਲ ਕਰਨ ਲਈ ਤੁਹਾਡੀ ਡਾਕਟਰੀ ਜਾਣਕਾਰੀ ਦੀ ਵਰਤੋਂ ਕਰ ਸਕਦੇ ਹਾਂ। ਅਸੀਂ ਤੁਹਾਡੀ ਜਾਣਕਾਰੀ ਡਾਕਟਰਾਂ, ਨਰਸਾਂ, ਟੈਕਨੀਸ਼ੀਅਨਾਂ, ਮੈਡੀਕਲ ਵਿਦਿਆਰਥੀਆਂ, ਜਾਂ ਹੋਰ ਸਿਹਤ ਸੰਭਾਲ ਕਰਮਚਾਰੀਆਂ ਨਾਲ ਸਾਂਝੀ ਕਰ ਸਕਦੇ ਹਾਂ ਜੋ ਤੁਹਾਡੀ ਦੇਖਭਾਲ ਵਿੱਚ ਸ਼ਾਮਲ ਹਨ।

ਅਸੀਂ ਤੁਹਾਡੀ ਜਾਣਕਾਰੀ ਤੁਹਾਡੀ ਸਿਹਤ ਜਾਂ ਤੰਦਰੁਸਤੀ ਵਿੱਚ ਸ਼ਾਮਲ ਲੋਕਾਂ ਨਾਲ ਸਾਂਝੀ ਕਰ ਸਕਦੇ ਹਾਂ, ਜਿਵੇਂ ਕਿ ਤੁਹਾਡੇ ਪਰਿਵਾਰਕ ਮੈਂਬਰ, ਦੋਸਤ, ਹੋਮ ਹੈਲਥ ਸੇਵਾਵਾਂ, ਸਹਾਇਤਾ ਏਜੰਸੀਆਂ, ਧਾਰਮਿਕ ਪ੍ਰਤੀਨਿਧ, ਜਾਂ ਡਾਕਟਰੀ ਉਪਕਰਣ ਸਪਲਾਇਰ।

### ਭੁਗਤਾਨ ਲਈ

ਅਸੀਂ ਤੁਹਾਡੀ ਜਾਣਕਾਰੀ ਦੀ ਵਰਤੋਂ ਕਰ ਸਕਦੇ ਹਾਂ ਤਾਂ ਜੋ ਅਸੀਂ BILH ਵਿਖੇ ਤੁਹਾਡੇ ਦੁਆਰਾ ਪ੍ਰਾਪਤ ਕੀਤੀ ਦੇਖਭਾਲ ਅਤੇ ਸੇਵਾਵਾਂ ਦਾ ਬਿੱਲ ਭੇਜ ਸਕੀਏ।

ਉਦਾਹਰਨ ਲਈ, ਅਸੀਂ ਤੁਹਾਡੇ ਤੋਂ, ਕਿਸੇ ਬੀਮਾ ਕੰਪਨੀ, ਜਾਂ ਕਿਸੇ ਤੀਜੀ ਧਿਰ ਤੋਂ ਭੁਗਤਾਨ ਪ੍ਰਾਪਤ ਕਰਨ ਲਈ ਤੁਹਾਡੀ ਜਾਣਕਾਰੀ ਸਾਂਝੀ ਕਰ ਸਕਦੇ ਹਾਂ। ਅਸੀਂ ਪੂਰਵ-ਪ੍ਰਵਾਨਗੀ ਲਈ, ਜਾਂ ਇਹ ਦੇਖਣ ਲਈ ਕਿ ਕੀ ਤੁਹਾਡੀ ਬੀਮਾ ਯੋਜਨਾ ਭਵਿੱਖ ਦੇ ਇਲਾਜ ਨੂੰ ਕਵਰ ਕਰੇਗੀ, ਤੁਹਾਡੀ ਜਾਣਕਾਰੀ ਸਾਂਝੀ ਕਰ ਸਕਦੇ ਹਾਂ। ਅਸੀਂ ਉਹਨਾਂ ਵਿਅਕਤੀਆਂ ਨੂੰ ਵੀ ਜਾਣਕਾਰੀ ਦੇ ਸਕਦੇ ਹਾਂ ਜੋ ਤੁਹਾਡੀ ਦੇਖਭਾਲ ਲਈ ਭੁਗਤਾਨ ਕਰਨ ਵਿੱਚ ਮਦਦ ਕਰਦੇ ਹਨ, ਜਿਵੇਂ ਕਿ ਤੁਹਾਡਾ ਗਾਰੰਟਰ ਜਾਂ ਤੁਹਾਡੇ ਬੀਮੇ ਦਾ ਗਾਹਕ, ਜੇਕਰ ਉਹ ਤੁਸੀਂ ਨਹੀਂ ਹੋ।

### ਸਾਡੇ ਸਿਹਤ ਦੇਖਭਾਲ ਸੰਬੰਧੀ ਕਾਰਜਾਂ ਲਈ

ਅਸੀਂ BILH ਨੂੰ ਚਲਾਉਣ ਲਈ ਤੁਹਾਡੀ ਜਾਣਕਾਰੀ ਦੀ ਵਰਤੋਂ ਅਤੇ ਸਾਂਝਾ ਕਰ ਸਕਦੇ ਹਾਂ। ਇਸ ਵਿੱਚ ਸਾਡੇ ਦੁਆਰਾ ਪ੍ਰਦਾਨ ਕੀਤੀ ਜਾਂਦੀ ਦੇਖਭਾਲ ਦੀ ਗੁਣਵੱਤਾ ਵਿੱਚ ਸੁਧਾਰ ਕਰਨ, ਸਟਾਫ ਅਤੇ ਵਿਦਿਆਰਥੀਆਂ ਨੂੰ ਸਿਖਲਾਈ ਦੇਣ, ਜਾਂ ਗਾਹਕ ਸੇਵਾ ਪ੍ਰਦਾਨ ਕਰਨ ਲਈ ਸਾਡੇ ਕਾਰਜ ਸ਼ਾਮਲ ਹਨ। ਅਸੀਂ ਤੁਹਾਡੀ ਜਾਣਕਾਰੀ ਉਹਨਾਂ ਹੋਰਾਂ ਨਾਲ ਵੀ ਸਾਂਝੀ ਕਰ ਸਕਦੇ ਹਾਂ ਜਿਨ੍ਹਾਂ ਨੂੰ ਅਸੀਂ ਸੇਵਾਵਾਂ ਅਤੇ ਪ੍ਰੋਗਰਾਮ ਪ੍ਰਦਾਨ ਕਰਨ ਵਿੱਚ ਮਦਦ ਲਈ ਨਿਯੁਕਤ ਕਰਦੇ ਹਾਂ।

### ਤੁਹਾਡੇ ਨਾਲ ਸੰਪਰਕ ਕਰਨ ਲਈ

ਅਸੀਂ ਤੁਹਾਡੀ ਦੇਖਭਾਲ, ਇਲਾਜ ਦੇ ਵਿਕਲਪਾਂ ਅਤੇ BILH ਵਿਖੇ ਤੁਹਾਡੇ ਤਜ਼ਰਬਿਆਂ ਬਾਰੇ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਾਂ। ਉਦਾਹਰਣ ਲਈ:

- ਮੁਲਾਕਾਤ ਦੇ ਰੀਮਾਈਂਡਰ: ਅਸੀਂ ਤੁਹਾਡੀ ਆਉਣ ਵਾਲੀ ਮੁਲਾਕਾਤ ਬਾਰੇ, ਜਾਂ ਮੁਲਾਕਾਤ ਦਾ ਸਮਾਂ ਤੈਅ ਕਰਨ ਜਾਂ ਰੱਦ ਕਰਨ ਲਈ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਾਂ।
- ਇਲਾਜ ਦੇ ਵਿਕਲਪ: ਅਸੀਂ ਤੁਹਾਨੂੰ ਸੰਭਾਵੀ ਇਲਾਜ ਦੇ ਵਿਕਲਪਾਂ ਜਾਂ ਸਿਹਤ ਸੰਬੰਧੀ ਲਾਭਾਂ ਬਾਰੇ ਦੱਸਣ ਲਈ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਾਂ ਜਿਨ੍ਹਾਂ ਵਿੱਚ ਤੁਹਾਡੀ ਦਿਲਚਸਪੀ ਹੋ ਸਕਦੀ ਹੈ, ਜਾਂ ਸਾਡੇ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਸਿਹਤ ਸੰਬੰਧੀ ਉਤਪਾਦ ਜਾਂ ਸੇਵਾ ਬਾਰੇ ਜਾਣਕਾਰੀ ਦੇ ਸਕਦੇ ਹਾਂ।
- ਸੰਤੁਸ਼ਟੀ ਬਾਰੇ ਸਰਵੇਖਣ: ਅਸੀਂ ਸਾਡੇ ਕਿਸੇ ਸਥਾਨ 'ਤੇ ਜਾਂ ਸਾਡੇ ਪ੍ਰਦਾਤਾਵਾਂ ਨਾਲ ਤੁਹਾਡੇ ਤਜ਼ਰਬੇ ਬਾਰੇ ਪੁੱਛਣ ਲਈ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਾਂ।

### ਫੰਡ ਇਕੱਠਾ ਕਰਨਾ

ਅਸੀਂ BILH ਲਈ ਪੈਸਾ ਇਕੱਠਾ ਕਰਨ ਦੇ ਯਤਨ ਵਜੋਂ ਤੁਹਾਡੇ ਨਾਲ ਸੰਪਰਕ ਕਰਨ ਲਈ ਤੁਹਾਡੇ ਬਾਰੇ ਸੀਮਤ ਜਾਣਕਾਰੀ (ਜਿਵੇਂ ਕਿ ਤੁਹਾਡੀ ਉਮਰ, ਸੇਵਾ ਦੀਆਂ ਤਾਰੀਖਾਂ, ਜਾਂ ਵਿਭਾਗ) ਦੀ ਵਰਤੋਂ ਕਰ ਸਕਦੇ ਹਾਂ।

ਤੁਸੀਂ ਆਪਣੇ BILH ਦੇਖਭਾਲ ਕੇਂਦਰ ਨਾਲ ਸੰਪਰਕ ਕਰਕੇ ਫੰਡ ਇਕੱਠਾ ਕਰਨ ਸੰਬੰਧੀ ਸੰਚਾਰਾਂ ਤੋਂ ਬਾਹਰ ਹੋਣ ਦੀ ਚੋਣ ਕਰ ਸਕਦੇ ਹੋ।

### ਹਸਪਤਾਲ ਡਾਇਰੈਕਟਰੀ

ਜਦੋਂ ਤੁਸੀਂ BILH ਹਸਪਤਾਲ ਵਿੱਚ ਇੱਕ ਇਨਪੇਸ਼ੈਂਟ (ਦਾਖਲ ਮਰੀਜ਼) ਵਜੋਂ ਦਾਖਲ ਹੁੰਦੇ ਹੋ, ਤਾਂ ਅਸੀਂ ਤੁਹਾਡੀ ਜਾਣਕਾਰੀ ਨੂੰ ਸਾਡੀ ਹਸਪਤਾਲ ਡਾਇਰੈਕਟਰੀ ਵਿੱਚ ਸ਼ਾਮਲ ਕਰ ਸਕਦੇ ਹਾਂ। ਡਾਇਰੈਕਟਰੀ ਵਿੱਚ ਤੁਹਾਡਾ ਨਾਮ, ਹਸਪਤਾਲ ਵਿੱਚ ਸਥਾਨ, ਤੁਹਾਡੀ ਆਮ ਸਥਿਤੀ (ਉਦਾਹਰਨ ਲਈ, ਠੀਕ, ਸਥਿਰ, ਆਦਿ) ਅਤੇ ਤੁਹਾਡੀ ਧਾਰਮਿਕ ਮਾਨਤਾ ਹੁੰਦੀ ਹੈ।

ਅਸੀਂ ਹਸਪਤਾਲ ਵਿੱਚ ਤੁਹਾਡੀ ਸਥਾਨ ਅਤੇ ਆਮ ਸਥਿਤੀ ਉਹਨਾਂ ਲੋਕਾਂ ਨਾਲ ਸਾਂਝੀ ਕਰ ਸਕਦੇ ਹਾਂ ਜੋ ਨਾਮ ਲੈ ਕੇ ਤੁਹਾਡੇ ਬਾਰੇ ਪੁੱਛਦੇ ਹਨ। ਅਸੀਂ ਤੁਹਾਡਾ ਨਾਮ ਧਾਰਮਿਕ ਪ੍ਰਤੀਨਿਧ ਦੇ ਮੈਂਬਰ ਨਾਲ ਸਾਂਝਾ ਕਰ ਸਕਦੇ ਹਾਂ, ਭਾਵੇਂ ਉਹ ਨਾਮ ਲੈ ਕੇ ਤੁਹਾਡੇ ਬਾਰੇ ਨਾ ਪੁੱਛਣ।

ਜੇਕਰ ਤੁਸੀਂ ਹਸਪਤਾਲ ਦੀ ਡਾਇਰੈਕਟਰੀ ਵਿੱਚ ਸੂਚੀਬੱਧ ਨਹੀਂ ਹੋਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੀ ਨਰਸ ਜਾਂ ਆਪਣੀ ਦੇਖਭਾਲ ਟੀਮ ਦੇ ਕਿਸੇ ਹੋਰ ਮੈਂਬਰ ਨੂੰ ਦੱਸੋ।

## ਹੋਰ ਵਰਤੋਂ ਅਤੇ ਖੁਲਾਸੇ ਜਿਨ੍ਹਾਂ ਲਈ ਤੁਹਾਡੀ ਲਿਖਤੀ ਇਜਾਜ਼ਤ ਦੀ ਲੋੜ ਹੈ

ਅਸੀਂ ਤੁਹਾਡੀ ਡਾਕਟਰੀ ਜਾਣਕਾਰੀ ਦੀ ਉਹਨਾਂ ਵਰਤੋਂ ਅਤੇ ਖੁਲਾਸਿਆਂ ਲਈ ਤੁਹਾਡੀ ਲਿਖਤੀ ਇਜਾਜ਼ਤ ਜਾਂ "ਅਧਿਕਾਰ" ਮੰਗਾਂਗੇ ਜੋ ਇਸ ਨੋਟਿਸ ਜਾਂ ਸਾਡੇ 'ਤੇ ਲਾਗੂ ਹੋਣ ਵਾਲੇ ਕਾਨੂੰਨਾਂ ਦੇ ਅਧੀਨ ਨਹੀਂ ਆਉਂਦੇ।

ਜੇਕਰ ਤੁਸੀਂ ਸਾਨੂੰ ਆਪਣੀ ਜਾਣਕਾਰੀ ਵਰਤਣ ਜਾਂ ਸਾਂਝੀ ਕਰਨ ਦੀ ਇਜਾਜ਼ਤ ਦਿੰਦੇ ਹੋ, ਤਾਂ ਤੁਸੀਂ ਕਿਸੇ ਵੀ ਸਮੇਂ ਆਪਣੀ ਇਜਾਜ਼ਤ ਵਾਪਸ ਲੈ ਸਕਦੇ ਹੋ। ਆਪਣੀ ਇਜਾਜ਼ਤ ਰੱਦ ਕਰਨ ਲਈ ਤੁਹਾਨੂੰ ਆਪਣੇ BILH ਦੇਖਭਾਲ ਕੇਂਦਰ ਨੂੰ ਲਿਖਣਾ ਹੋਵੇਗਾ। ਉਸ ਸਮੇਂ ਤੋਂ ਬਾਅਦ, ਅਸੀਂ ਤੁਹਾਡੇ ਅਧਿਕਾਰ ਪੱਤਰ ਵਿੱਚ ਦੱਸੇ ਗਏ ਕਾਰਨਾਂ ਲਈ ਤੁਹਾਡੀ ਜਾਣਕਾਰੀ ਦੀ ਵਰਤੋਂ ਕਰਨਾ ਜਾਂ ਸਾਂਝਾ ਕਰਨਾ ਬੰਦ ਕਰ ਦੇਵਾਂਗੇ। ਅਸੀਂ ਉਹ ਕੋਈ ਵੀ ਜਾਣਕਾਰੀ ਵਾਪਸ ਲੈਣ ਵਿੱਚ ਅਸਮਰੱਥ ਹਾਂ ਜੋ ਅਸੀਂ ਤੁਹਾਡੀ ਇਜਾਜ਼ਤ ਨਾਲ ਪਹਿਲਾਂ ਹੀ ਸਾਂਝੀ ਕਰ ਚੁੱਕੇ ਹਾਂ, ਅਤੇ ਸਾਡੇ ਲਈ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਦੇਖਭਾਲ ਦੇ ਰਿਕਾਰਡ ਰੱਖਣਾ ਕਾਨੂੰਨੀ ਤੌਰ 'ਤੇ ਜ਼ਰੂਰੀ ਹੈ।

ਰਾਜ ਅਤੇ ਸੰਘੀ ਕਾਨੂੰਨਾਂ ਅਨੁਸਾਰ ਕੁਝ ਕਿਸਮਾਂ ਦੀ ਸੰਵੇਦਨਸ਼ੀਲ ਸਿਹਤ ਜਾਣਕਾਰੀ ਨੂੰ ਸਾਂਝਾ ਕਰਨ ਲਈ ਤੁਹਾਡੀ ਲਿਖਤੀ ਇਜਾਜ਼ਤ ਦੀ ਲੋੜ ਹੁੰਦੀ ਹੈ, ਜਿਵੇਂ ਕਿ HIV ਟੈਸਟਿੰਗ ਜਾਂ HIV ਟੈਸਟ ਦੇ ਨਤੀਜੇ, ਜੈਨੇਟਿਕ ਟੈਸਟਿੰਗ ਜਾਣਕਾਰੀ, ਅਤੇ ਕੁਝ ਕਿਸਮਾਂ ਦੇ ਕੌਂਸਲਿੰਗ ਨੋਟਸ। ਇਸ ਵਿੱਚ ਕੁਝ ਅਪਵਾਦ ਹੋ ਸਕਦੇ ਹਨ: ਉਦਾਹਰਨ ਲਈ, ਦੁਰਵਿਵਹਾਰ ਜਾਂ ਲਾਪਰਵਾਹੀ ਦੀ ਰਿਪੋਰਟ ਕਰਨ ਲਈ ਸਾਨੂੰ ਤੁਹਾਡੀ ਇਜਾਜ਼ਤ ਦੀ ਲੋੜ ਨਹੀਂ ਹੈ।

ਅਸੀਂ ਮਾਰਕੀਟਿੰਗ ਦੇ ਉਦੇਸ਼ਾਂ ਲਈ ਤੁਹਾਡੀ ਜਾਣਕਾਰੀ ਦੀ ਵਰਤੋਂ ਜਾਂ ਸਾਂਝਾ ਕਦੇ ਨਹੀਂ ਕਰਾਂਗੇ, ਜਦੋਂ ਤੱਕ ਤੁਸੀਂ ਵਿਸ਼ੇਸ਼ ਤੌਰ 'ਤੇ ਸਾਨੂੰ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੰਦੇ।

## ਵਰਤੋਂ ਅਤੇ ਖੁਲਾਸੇ ਜਿਨ੍ਹਾਂ ਲਈ ਤੁਹਾਡੀ ਲਿਖਤੀ ਇਜਾਜ਼ਤ ਦੀ ਲੋੜ ਨਹੀਂ ਹੈ

ਕੁਝ ਮਾਮਲਿਆਂ ਵਿੱਚ, ਜਦੋਂ ਕਾਨੂੰਨ ਇਸਦੀ ਇਜਾਜ਼ਤ ਦਿੰਦਾ ਹੈ ਜਾਂ ਲੋੜ ਹੁੰਦੀ ਹੈ, ਤਾਂ ਅਸੀਂ ਤੁਹਾਡੀ ਲਿਖਤੀ ਇਜਾਜ਼ਤ ਤੋਂ ਬਿਨਾਂ ਤੁਹਾਡੀ ਜਾਣਕਾਰੀ ਸਾਂਝੀ ਕਰ ਸਕਦੇ ਹਾਂ। ਹੇਠਾਂ ਇਸ ਦੀਆਂ ਉਦਾਹਰਨਾਂ ਹਨ:

### ਆਫ਼ਤ ਤੋਂ ਬਾਅਦ ਸਹਾਇਤਾ

ਅਸੀਂ ਤੁਹਾਡੀ ਡਾਕਟਰੀ ਜਾਣਕਾਰੀ ਆਫ਼ਤ ਸੰਬੰਧੀ ਰਾਹਤ ਕਾਰਜਾਂ ਵਿੱਚ ਮਦਦ ਕਰਨ ਵਾਲੀ ਕਿਸੇ ਸੰਸਥਾ ਨਾਲ ਸਾਂਝੀ ਕਰ ਸਕਦੇ ਹਾਂ ਤਾਂ ਜੋ ਤੁਹਾਡੇ ਪਰਿਵਾਰ ਨੂੰ ਤੁਹਾਡੀ ਸਥਿਤੀ, ਸਥਾਨ ਅਤੇ ਹਾਲਤ ਬਾਰੇ ਸੂਚਿਤ ਕੀਤਾ ਜਾ ਸਕੇ। ਅਸੀਂ ਆਮ ਜਾਣਕਾਰੀ ਵੀ ਜਾਰੀ ਕਰ ਸਕਦੇ ਹਾਂ, ਜਿਵੇਂ ਕਿ: "ਹਸਪਤਾਲ ਹਾਦਸੇ ਦੇ ਚਾਰ ਵਿਅਕਤੀਆਂ ਦਾ ਇਲਾਜ ਕਰ ਰਿਹਾ ਹੈ।"

### ਖੋਜ

ਅਸੀਂ ਉਹਨਾਂ ਖੋਜ ਕਾਰਜਾਂ ਲਈ ਤੁਹਾਡੀ ਸਿਹਤ ਜਾਣਕਾਰੀ ਸਾਂਝੀ ਕਰ ਸਕਦੇ ਹਾਂ ਜੋ BILH ਖੋਜ ਕਮੇਟੀ ਜਾਂ ਇਸਦੇ ਨਾਮਜ਼ਦ ਵਿਅਕਤੀ ਦੁਆਰਾ ਪ੍ਰਵਾਨਿਤ ਹਨ, ਜਦੋਂ ਸੰਘੀ ਜਾਂ ਰਾਜ ਕਾਨੂੰਨ ਦੁਆਰਾ ਲਿਖਤੀ ਇਜਾਜ਼ਤ ਦੀ ਲੋੜ ਨਹੀਂ ਹੁੰਦੀ। ਇਸ ਵਿੱਚ ਖੋਜ ਦੀ ਤਿਆਰੀ ਕਰਨਾ ਜਾਂ ਤੁਹਾਨੂੰ ਉਹਨਾਂ ਖੋਜ ਅਧਿਐਨਾਂ ਬਾਰੇ ਦੱਸਣਾ ਵੀ ਸ਼ਾਮਲ ਹੋ ਸਕਦਾ ਹੈ ਜਿਨ੍ਹਾਂ ਵਿੱਚ ਤੁਹਾਡੀ ਦਿਲਚਸਪੀ ਹੋ ਸਕਦੀ ਹੈ।

### ਕਾਨੂੰਨ ਦੁਆਰਾ ਲੋੜ ਅਨੁਸਾਰ

ਅਸੀਂ ਤੁਹਾਡੀ ਡਾਕਟਰੀ ਜਾਣਕਾਰੀ ਉਦੋਂ ਸਾਂਝੀ ਕਰ ਸਕਦੇ ਹਾਂ ਜਦੋਂ ਸਾਨੂੰ ਸੰਘੀ, ਰਾਜ ਜਾਂ ਸਥਾਨਕ ਕਾਨੂੰਨ ਦੇ ਅਧੀਨ ਅਜਿਹਾ ਕਰਨਾ ਪੈਂਦਾ ਹੈ, ਉਦਾਹਰਨ ਲਈ, ਅਦਾਲਤੀ ਆਦੇਸ਼, ਪ੍ਰਸ਼ਾਸਕੀ ਬੇਨਤੀ ਜਾਂ ਸੰਮਨ ਦੇ ਜਵਾਬ ਵਿੱਚ।

### ਗੰਭੀਰ ਖਤਰੇ ਨੂੰ ਰੋਕਣ ਲਈ

ਅਸੀਂ ਤੁਹਾਡੀ ਸਿਹਤ ਅਤੇ ਸੁਰੱਖਿਆ ਜਾਂ ਦੂਜਿਆਂ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਲਈ ਤੁਹਾਡੀ ਡਾਕਟਰੀ ਜਾਣਕਾਰੀ ਦੀ ਵਰਤੋਂ ਅਤੇ ਸਾਂਝਾ ਕਰ ਸਕਦੇ ਹਾਂ। ਅਸੀਂ ਸਿਰਫ਼ ਉਸ ਵਿਅਕਤੀ ਨਾਲ ਜਾਣਕਾਰੀ ਸਾਂਝੀ ਕਰ ਸਕਦੇ ਹਾਂ ਜੋ ਖਤਰੇ ਵਿੱਚ ਪਾਉਣ ਵਾਲੇ ਨੁਕਸਾਨ ਨੂੰ ਰੋਕਣ ਵਿੱਚ ਮਦਦ ਕਰਨ ਦੇ ਯੋਗ ਹੋਵੇ।

### ਅੰਗ ਅਤੇ ਟਿਸ਼ੂ ਦਾਨ

ਅਸੀਂ ਅੰਗਾਂ, ਅੱਖਾਂ ਜਾਂ ਟਿਸ਼ੂਆਂ ਦੇ ਦਾਨ ਅਤੇ ਟ੍ਰਾਂਸਪਲਾਂਟੇਸ਼ਨ ਵਿੱਚ ਸ਼ਾਮਲ ਸੰਸਥਾਵਾਂ ਨਾਲ ਡਾਕਟਰੀ ਜਾਣਕਾਰੀ ਸਾਂਝੀ ਕਰ ਸਕਦੇ ਹਾਂ।

### ਮਿਲਟਰੀ ਅਤੇ ਸਾਬਕਾ ਫੌਜੀ

ਅਸੀਂ ਹਥਿਆਰਬੰਦ ਸੈਨਾਵਾਂ ਜਾਂ ਵਿਦੇਸ਼ੀ ਮਿਲਟਰੀ ਕਰਮਚਾਰੀਆਂ ਲਈ ਕਾਨੂੰਨ ਦੁਆਰਾ ਲੋੜ ਅਨੁਸਾਰ ਡਾਕਟਰੀ ਜਾਣਕਾਰੀ ਸਾਂਝੀ ਕਰ ਸਕਦੇ ਹਾਂ।

### ਕਰਮਚਾਰੀਆਂ ਦਾ ਮੁਆਵਜ਼ਾ

ਅਸੀਂ ਕਰਮਚਾਰੀਆਂ ਦਾ ਮੁਆਵਜ਼ਾ ਜਾਂ ਸਮਾਨ ਪ੍ਰੋਗਰਾਮਾਂ ਲਈ ਤੁਹਾਡੀ ਡਾਕਟਰੀ ਜਾਣਕਾਰੀ ਸਾਂਝੀ ਕਰ ਸਕਦੇ ਹਾਂ ਜੋ ਕੰਮ ਨਾਲ ਸਬੰਧਤ ਸੱਟਾਂ ਜਾਂ ਬਿਮਾਰੀਆਂ ਲਈ ਲਾਭ ਪ੍ਰਦਾਨ ਕਰਦੇ ਹਨ।

### ਜਨਤਕ ਸਿਹਤ

ਅਸੀਂ ਜਨਤਕ ਸਿਹਤ ਗਤੀਵਿਧੀਆਂ ਲਈ ਤੁਹਾਡੀ ਡਾਕਟਰੀ ਜਾਣਕਾਰੀ ਸਾਂਝੀ ਕਰ ਸਕਦੇ ਹਾਂ। ਉਦਾਹਰਨ ਲਈ: ਬਿਮਾਰੀ ਨੂੰ ਰੋਕਣ ਜਾਂ ਕੰਟਰੋਲ ਕਰਨ ਲਈ; ਜਨਮ ਅਤੇ ਮੌਤ ਦੀ ਰਿਪੋਰਟ ਕਰਨ ਲਈ; ਦੁਰਵਿਵਹਾਰ ਜਾਂ ਲਾਪਰਵਾਹੀ ਦੀ ਰਿਪੋਰਟ ਕਰਨ ਲਈ; ਦਵਾਈਆਂ ਦੀਆਂ ਪ੍ਰਤੀਕ੍ਰਿਆਵਾਂ ਜਾਂ ਉਤਪਾਦਾਂ ਦੀਆਂ ਸਮੱਸਿਆਵਾਂ ਦੀ ਰਿਪੋਰਟ ਕਰਨ ਲਈ; ਉਤਪਾਦਾਂ ਨੂੰ ਵਾਪਸ ਮੰਗਵਾਉਣ ਬਾਰੇ ਲੋਕਾਂ ਨੂੰ ਸੂਚਿਤ ਕਰਨ ਲਈ; ਜਾਂ ਉਹਨਾਂ ਲੋਕਾਂ ਨੂੰ ਚੇਤਾਵਨੀ ਦੇਣ ਲਈ ਜੋ ਕਿਸੇ ਬਿਮਾਰੀ ਦੇ ਸੰਪਰਕ ਵਿੱਚ ਆਏ ਹੋ ਸਕਦੇ ਹਨ, ਜਾਂ ਜਿਨ੍ਹਾਂ ਨੂੰ ਕੋਈ ਬਿਮਾਰੀ ਹੋਣ ਜਾਂ ਫੈਲਣ ਦਾ ਖਤਰਾ ਹੋ ਸਕਦਾ ਹੈ।

### ਸਿਹਤ ਨਿਗਰਾਨੀ

ਅਸੀਂ ਤੁਹਾਡੀ ਡਾਕਟਰੀ ਜਾਣਕਾਰੀ ਕਿਸੇ ਸਿਹਤ ਨਿਗਰਾਨੀ ਏਜੰਸੀ ਨਾਲ ਉਹਨਾਂ ਦੀਆਂ ਗਤੀਵਿਧੀਆਂ ਜਿਵੇਂ ਕਿ ਆਡਿਟ, ਸਰਟੀਫਿਕੇਸ਼ਨ, ਜਾਂਚ, ਨਿਰੀਖਣ ਅਤੇ ਲਾਇਸੈਂਸ ਪ੍ਰਾਪਤ ਕਰਨ ਲਈ ਸਾਂਝੀ ਕਰ ਸਕਦੇ ਹਾਂ। ਇਹ ਗਤੀਵਿਧੀਆਂ ਸਰਕਾਰ ਲਈ ਸਿਹਤ ਸੰਭਾਲ ਪ੍ਰਣਾਲੀ, ਸਰਕਾਰੀ ਪ੍ਰੋਗਰਾਮਾਂ ਅਤੇ ਨਾਗਰਿਕ ਅਧਿਕਾਰਾਂ ਦੇ ਕਾਨੂੰਨਾਂ ਦੀ ਪਾਲਣਾ ਦੀ ਨਿਗਰਾਨੀ ਕਰਨ ਲਈ ਜ਼ਰੂਰੀ ਹਨ।

### ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ

ਅਸੀਂ ਕੁਝ ਖਾਸ ਹਾਲਤਾਂ ਵਿੱਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਤੁਹਾਡੀ ਡਾਕਟਰੀ ਜਾਣਕਾਰੀ ਸਾਂਝੀ ਕਰ ਸਕਦੇ ਹਾਂ, ਜਿਸ ਵਿੱਚ ਸ਼ਾਮਲ ਹਨ: ਕਿਸੇ ਸ਼ੱਕੀ, ਭਗੌੜੇ, ਗਵਾਹ, ਜਾਂ ਗੁੰਮਸ਼ੁਦਾ ਵਿਅਕਤੀ ਦੀ ਪਛਾਣ ਕਰਨ ਜਾਂ ਲੱਭਣ ਲਈ; ਅਜਿਹੀ ਮੌਤ ਬਾਰੇ ਜਿਸ ਵਿੱਚ ਅਪਰਾਧਿਕ ਵਿਵਹਾਰ ਸ਼ਾਮਲ ਹੋ ਸਕਦਾ ਹੈ; BILH ਵਿਖੇ ਅਪਰਾਧਿਕ ਵਿਵਹਾਰ ਬਾਰੇ; ਅਤੇ ਐਮਰਜੈਂਸੀ ਹਾਲਤਾਂ ਵਿੱਚ, ਕਿਸੇ ਅਪਰਾਧ ਦੀ ਰਿਪੋਰਟ ਕਰਨ ਲਈ।

**ਕੋਰੋਨਰ, ਮੈਡੀਕਲ ਪ੍ਰੀਖਿਅਕ ਅਤੇ ਫਿਊਨਰਲ ਡਾਇਰੈਕਟਰ** ਅਸੀਂ ਕਿਸੇ ਮ੍ਰਿਤਕ ਵਿਅਕਤੀ ਦੀ ਪਛਾਣ ਕਰਨ ਜਾਂ ਮੌਤ ਦੇ ਕਾਰਨ ਦਾ ਪਤਾ ਲਗਾਉਣ ਵਿੱਚ ਮਦਦ ਕਰਨ ਲਈ ਕੋਰੋਨਰ ਜਾਂ ਮੈਡੀਕਲ ਪ੍ਰੀਖਿਅਕ ਨਾਲ ਡਾਕਟਰੀ ਜਾਣਕਾਰੀ ਸਾਂਝੀ ਕਰ ਸਕਦੇ ਹਾਂ। ਅਸੀਂ ਫਿਊਨਰਲ ਡਾਇਰੈਕਟਰਾਂ ਨਾਲ ਵੀ ਉਹਨਾਂ ਦੀਆਂ ਡਿਊਟੀਆਂ ਨਿਭਾਉਣ ਲਈ ਡਾਕਟਰੀ ਜਾਣਕਾਰੀ ਸਾਂਝੀ ਕਰ ਸਕਦੇ ਹਾਂ।

### ਰਾਸ਼ਟਰੀ ਸੁਰੱਖਿਆ ਅਤੇ ਖੁਫੀਆ ਗਤੀਵਿਧੀਆਂ

ਅਸੀਂ ਖੁਫੀਆ ਜਾਣਕਾਰੀ, ਜਵਾਬੀ ਖੁਫੀਆ ਜਾਣਕਾਰੀ, ਅਤੇ ਕਾਨੂੰਨ ਦੁਆਰਾ ਅਧਿਕਾਰਤ ਹੋਰ ਰਾਸ਼ਟਰੀ ਸੁਰੱਖਿਆ ਗਤੀਵਿਧੀਆਂ ਲਈ ਅਧਿਕਾਰਤ ਸੰਘੀ ਅਧਿਕਾਰੀਆਂ ਨਾਲ ਤੁਹਾਡੀ ਡਾਕਟਰੀ ਜਾਣਕਾਰੀ ਸਾਂਝੀ ਕਰ ਸਕਦੇ ਹਾਂ।

### ਰਾਸ਼ਟਰਪਤੀ ਅਤੇ ਹੋਰਾਂ ਲਈ ਸੁਰੱਖਿਆ ਸੇਵਾਵਾਂ

ਅਸੀਂ ਰਾਸ਼ਟਰਪਤੀ, ਹੋਰ ਅਧਿਕਾਰਤ ਵਿਅਕਤੀਆਂ ਜਾਂ ਵਿਦੇਸ਼ੀ ਰਾਜਾਂ ਦੇ ਮੁਖੀਆਂ ਨੂੰ ਸੁਰੱਖਿਆ ਪ੍ਰਦਾਨ ਕਰਨ ਵਾਲੇ ਅਧਿਕਾਰਤ ਸੰਘੀ ਅਧਿਕਾਰੀਆਂ ਨਾਲ ਡਾਕਟਰੀ ਜਾਣਕਾਰੀ ਸਾਂਝੀ ਕਰ ਸਕਦੇ ਹਾਂ ਜਾਂ ਕਾਨੂੰਨ ਦੁਆਰਾ ਆਗਿਆ ਅਨੁਸਾਰ ਵਿਸ਼ੇਸ਼ ਜਾਂਚਾਂ ਕਰ ਸਕਦੇ ਹਾਂ।

### ਕੈਦੀ

ਜੇਕਰ ਤੁਸੀਂ ਕਿਸੇ ਸੁਧਾਰਕ ਸੰਸਥਾ ਦੇ ਕੈਦੀ ਹੋ ਜਾਂ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੀ ਹਿਰਾਸਤ ਵਿੱਚ ਹੋ, ਤਾਂ ਕਾਨੂੰਨ ਦੁਆਰਾ ਇਜਾਜ਼ਤ ਦਿੱਤੇ ਜਾਣ 'ਤੇ ਅਸੀਂ ਤੁਹਾਡੇ ਬਾਰੇ ਡਾਕਟਰੀ ਜਾਣਕਾਰੀ ਉਸ ਸੁਧਾਰਕ ਸੰਸਥਾ ਜਾਂ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨਾਲ ਸਾਂਝੀ ਕਰ ਸਕਦੇ ਹਾਂ।

## BILH ਭਾਗ 2 ਪ੍ਰੋਗਰਾਮਾਂ ਦੇ ਨਿੱਜਤਾ ਅਭਿਆਸਾਂ ਦਾ ਨੋਟਿਸ

ਜੇਕਰ ਤੁਸੀਂ ਸਾਡੇ ਨਸ਼ਾ ਵਰਤੋਂ ਵਿਕਾਰ (Substance Use Disorder, "SUD") ਪ੍ਰੋਗਰਾਮਾਂ ਵਿੱਚੋਂ ਕਿਸੇ ਇੱਕ ਤੋਂ ਦੇਖਭਾਲ ਪ੍ਰਾਪਤ ਕਰਦੇ ਹੋ, ਤਾਂ ਇੱਕ ਵਾਧੂ ਸੰਘੀ ਨਿੱਜਤਾ ਕਾਨੂੰਨ, 42 CFR ਭਾਗ 2 ("ਭਾਗ 2"), ਉਹਨਾਂ ਰਿਕਾਰਡਾਂ 'ਤੇ ਲਾਗੂ ਹੁੰਦਾ ਹੈ ਜੋ ਅਸੀਂ ਆਪਣੇ SUD ਪ੍ਰੋਗਰਾਮਾਂ ("ਭਾਗ 2 ਪ੍ਰੋਗਰਾਮ") ਵਿੱਚ ਬਣਾਉਂਦੇ ਜਾਂ ਰੱਖਦੇ ਹਾਂ। BILH ਭਾਗ 2 ਪ੍ਰੋਗਰਾਮਾਂ ਦੀ ਸੂਚੀ bilh.org/Part2Programs 'ਤੇ ਮਿਲ ਸਕਦੀ ਹੈ ਅਤੇ ਇਸ ਨੋਟਿਸ ਵਿੱਚ ਦੱਸੇ ਗਏ ਅਭਿਆਸ ਸਾਰੇ ਸੂਚੀਬੱਧ BILH ਭਾਗ 2 ਪ੍ਰੋਗਰਾਮਾਂ 'ਤੇ ਲਾਗੂ ਹੁੰਦੇ ਹਨ।

ਇਲਾਜ ਲਈ ਤੁਹਾਡੀ ਸਹਿਮਤੀ ਸਾਨੂੰ ਇਹਨਾਂ ਰਿਕਾਰਡਾਂ ਨੂੰ ਇਲਾਜ, ਭੁਗਤਾਨ, ਅਤੇ ਸਿਹਤ ਦੇਖਭਾਲ ਕਾਰਜਾਂ ਲਈ ਸਾਂਝਾ ਕਰਨ ਦੀ ਇਜਾਜ਼ਤ ਦਿੰਦੀ ਹੈ - ਉਸੇ ਤਰ੍ਹਾਂ ਜਿਵੇਂ ਅਸੀਂ ਹੈਲਥ ਇੰਸ਼ੋਰੈਂਸ ਪੋਰਟੇਬਿਲਟੀ ਐਂਡ ਅਕਾਊਂਟੇਬਿਲਟੀ ਐਕਟ (Health Insurance Portability and Accountability Act, HIPAA) ਦੇ ਅਧੀਨ ਤੁਹਾਡੀ ਜਾਣਕਾਰੀ ਦੀ ਵਰਤੋਂ ਅਤੇ ਸਾਂਝਾ ਕਰਦੇ ਹਾਂ। ਜਦੋਂ ਅਸੀਂ ਇਲਾਜ, ਭੁਗਤਾਨ, ਜਾਂ ਸਿਹਤ ਸੰਭਾਲ ਕਾਰਜਾਂ ਲਈ SUD ਜਾਣਕਾਰੀ ਸਾਂਝੀ ਕਰਦੇ ਹਾਂ, ਤਾਂ ਪ੍ਰਾਪਤਕਰਤਾ ਨੂੰ ਤੁਹਾਡੀ ਜਾਣਕਾਰੀ ਨੂੰ ਅੱਗੇ ਸਾਂਝਾ ਕਰਨ ਦੀ ਇਜਾਜ਼ਤ ਨਹੀਂ ਹੁੰਦੀ ਜਦੋਂ ਤੱਕ ਕਾਨੂੰਨ ਉਹਨਾਂ ਨੂੰ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੰਦਾ।

ਆਮ ਤੌਰ 'ਤੇ, ਅਸੀਂ ਹੇਠਾਂ ਦਿੱਤੇ ਵਰਣਨ ਤੋਂ ਇਲਾਵਾ ਤੁਹਾਡੀ SUD ਜਾਣਕਾਰੀ ਸਾਂਝੀ ਨਹੀਂ ਕਰ ਸਕਦੇ। ਅਸੀਂ ਤੁਹਾਡੇ ਅਧਿਕਾਰ ਤੋਂ ਬਿਨਾਂ ਜਾਣਕਾਰੀ ਸਾਂਝੀ ਕਰ ਸਕਦੇ ਹਾਂ ਜਦੋਂ:

- ਖੁਲਾਸਾ ਕਿਸੇ ਡਾਕਟਰੀ ਐਮਰਜੈਂਸੀ ਵਿੱਚ ਡਾਕਟਰੀ ਕਰਮਚਾਰੀਆਂ ਨੂੰ ਕੀਤਾ ਜਾਂਦਾ ਹੈ;
- ਖੁਲਾਸਾ ਸਾਡੇ ਵੱਲੋਂ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਯੋਗਤਾ ਪ੍ਰਾਪਤ ਸੇਵਾ ਸੰਸਥਾਵਾਂ ਨੂੰ ਕੀਤਾ ਜਾਂਦਾ ਹੈ ਜੋ ਜਾਣਕਾਰੀ ਨੂੰ ਉਸੇ ਤਰ੍ਹਾਂ ਸੁਰੱਖਿਅਤ ਰੱਖਣ ਲਈ ਲਿਖਤੀ ਰੂਪ ਵਿੱਚ ਸਹਿਮਤ ਹੁੰਦੀਆਂ ਹਨ ਜਿਵੇਂ ਕਿ ਸਾਡੇ ਲਈ ਜਾਣਕਾਰੀ ਨੂੰ ਸੁਰੱਖਿਅਤ ਰੱਖਣਾ ਲਾਜ਼ਮੀ ਹੈ;
- ਖੁਲਾਸਾ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਸਾਡੀ ਸੰਸਥਾ ਵਿੱਚ ਜਾਂ ਸਾਡੇ ਕਰਮਚਾਰੀਆਂ ਵਿਰੁੱਧ ਤੁਹਾਡੇ ਦੁਆਰਾ ਕੀਤੇ ਗਏ, ਜਾਂ ਕਰਨ ਦੀ ਧਮਕੀ ਦਿੱਤੇ ਗਏ ਅਪਰਾਧ ਦੀ ਰਿਪੋਰਟ ਕਰਨ ਲਈ ਕੀਤਾ ਜਾਂਦਾ ਹੈ;
- ਖੁਲਾਸਾ ਬਾਲ ਸੁਰੱਖਿਆ ਏਜੰਸੀਆਂ ਨੂੰ ਰਾਜ ਦੇ ਕਾਨੂੰਨ ਦੁਆਰਾ ਲੋੜ ਅਨੁਸਾਰ ਸ਼ੱਕੀ ਬਾਲ ਸ਼ੋਸ਼ਣ ਅਤੇ ਲਾਪਰਵਾਹੀ ਦੀ ਰਿਪੋਰਟ ਕਰਨ ਲਈ ਕੀਤਾ ਜਾਂਦਾ ਹੈ;
- ਖੁਲਾਸਾ ਨੈਤਿਕਤਾ ਬੋਰਡ ਦੀ ਪ੍ਰਵਾਨਗੀ ਅਤੇ ਨਿਗਰਾਨੀ ਦੇ ਅਧੀਨ ਖੋਜ ਲਈ ਯੋਗ ਕਰਮਚਾਰੀਆਂ ਨੂੰ ਕੀਤਾ ਜਾਂਦਾ ਹੈ;
- ਖੁਲਾਸਾ ਆਡਿਟ ਜਾਂ ਪ੍ਰੋਗਰਾਮ ਦੇ ਮੁਲਾਂਕਣ ਲਈ ਯੋਗ ਕਰਮਚਾਰੀਆਂ ਨੂੰ ਕੀਤਾ ਜਾਂਦਾ ਹੈ ਜੋ: ੳ) ਸਾਡੀਆਂ ਨੀਤੀਆਂ ਦੇ ਅਧੀਨ ਲੋੜ ਅਨੁਸਾਰ ਜਾਣਕਾਰੀ ਦੀ ਸੁਰੱਖਿਆ ਲਈ ਲਿਖਤੀ ਰੂਪ ਵਿੱਚ ਸਹਿਮਤ ਹੁੰਦੇ ਹਨ, ਅ) ਸੰਘੀ, ਰਾਜ, ਜਾਂ ਸਥਾਨਕ ਸਰਕਾਰੀ ਏਜੰਸੀਆਂ ਦੀ ਪ੍ਰਤੀਨਿਧਤਾ ਕਰਦੇ ਹਨ ਜੋ ਕਾਨੂੰਨ ਦੁਆਰਾ ਸਾਡੇ ਪ੍ਰੋਗਰਾਮ ਦੀ ਨਿਗਰਾਨੀ ਕਰਨ ਲਈ ਅਧਿਕਾਰਤ ਹਨ, ਜਾਂ ੲ) ਪ੍ਰੋਗਰਾਮ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਦੇ ਹਨ ਜਾਂ ਸਿਹਤ ਸੰਭਾਲ ਲਈ ਭੁਗਤਾਨ ਪ੍ਰਦਾਨ ਕਰਦੇ ਹਨ।
- ਖੁਲਾਸਾ ਅਦਾਲਤੀ ਆਦੇਸ਼ ਦੁਆਰਾ ਪ੍ਰਵਾਨਿਤ ਹੁੰਦਾ ਹੈ ਅਤੇ ਉਸ ਆਦੇਸ਼ ਵਿੱਚ ਇੱਕ ਸੰਮਨ ਜਾਂ ਹੋਰ ਕਾਨੂੰਨੀ ਫ਼ਤਵਾ ਸ਼ਾਮਲ ਹੁੰਦਾ ਹੈ ਜਿਸ ਲਈ ਸਾਨੂੰ ਤੁਹਾਡੀ ਜਾਣਕਾਰੀ ਸਾਂਝੀ ਕਰਨ ਦੀ ਲੋੜ ਹੁੰਦੀ ਹੈ। ਉਹਨਾਂ ਮਾਮਲਿਆਂ ਵਿੱਚ, ਤੁਹਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ:
  - ਤੁਹਾਡੀ ਜਾਣਕਾਰੀ, ਜਾਂ ਤੁਹਾਡੀ ਮੈਡੀਕਲ ਰਿਕਾਰਡ ਜਾਣਕਾਰੀ ਦੀ ਸਮੱਗਰੀ ਨੂੰ ਦਰਸਾਉਂਦੀ ਗਵਾਹੀ, ਤੁਹਾਡੇ ਵਿਰੁੱਧ ਕਿਸੇ ਵੀ ਸਿਵਲ, ਪ੍ਰਸ਼ਾਸਕੀ, ਅਪਰਾਧਿਕ, ਜਾਂ ਵਿਧਾਨਕ ਕਾਰਵਾਈ ਵਿੱਚ ਵਰਤੀ ਜਾਂ ਸਾਂਝੀ ਨਹੀਂ ਕੀਤੀ ਜਾਵੇਗੀ ਜਦੋਂ ਤੱਕ ਕਿ ਇਹ ਵਿਸ਼ੇਸ਼ ਲਿਖਤੀ ਅਧਿਕਾਰ ਜਾਂ ਅਦਾਲਤੀ ਆਦੇਸ਼ 'ਤੇ ਅਧਾਰਤ ਨਾ ਹੋਵੇ।
  - ਤੁਹਾਡੀ ਜਾਣਕਾਰੀ ਦੀ ਵਰਤੋਂ ਜਾਂ ਖੁਲਾਸਾ ਕਿਸੇ ਅਦਾਲਤੀ ਆਦੇਸ਼ ਦੇ ਆਧਾਰ 'ਤੇ ਕੇਵਲ ਉਦੋਂ ਹੀ ਕੀਤਾ ਜਾਵੇਗਾ ਜਦੋਂ ਤੁਹਾਨੂੰ ਜਾਂ ਮੈਡੀਕਲ ਰਿਕਾਰਡ ਦੇ ਧਾਰਕ ਨੂੰ ਨੋਟਿਸ ਅਤੇ ਸੁਣਵਾਈ ਦਾ ਮੌਕਾ ਦਿੱਤਾ ਗਿਆ ਹੋਵੇ, ਜਿੱਥੇ ਕਾਨੂੰਨ ਦੁਆਰਾ ਲੋੜੀਂਦਾ ਹੋਵੇ।
  - ਵਰਤੋਂ ਜਾਂ ਖੁਲਾਸੇ ਨੂੰ ਅਧਿਕਾਰਤ ਕਰਨ ਵਾਲੇ ਅਦਾਲਤੀ ਆਦੇਸ਼ ਦੇ ਨਾਲ ਰਿਕਾਰਡ ਦੀ ਵਰਤੋਂ ਜਾਂ ਖੁਲਾਸਾ ਕਰਨ ਤੋਂ ਪਹਿਲਾਂ ਇੱਕ ਸੰਮਨ ਜਾਂ ਹੋਰ ਸਮਾਨ ਕਾਨੂੰਨੀ ਫ਼ਤਵਾ ਹੋਣਾ ਲਾਜ਼ਮੀ ਹੈ ਜੋ ਖੁਲਾਸੇ ਲਈ ਮਜਬੂਰ ਕਰਦਾ ਹੋਵੇ।

ਹੋਰ ਹਾਲਤਾਂ ਵਿੱਚ, ਅਸੀਂ ਸਾਡੇ ਪ੍ਰੋਗਰਾਮ ਤੋਂ ਬਾਹਰ ਤੁਹਾਡੀ ਜਾਣਕਾਰੀ ਜਾਰੀ ਕਰਨ ਲਈ ਤੁਹਾਡੇ ਅਧਿਕਾਰ ਦੀ ਮੰਗ ਕਰਾਂਗੇ। ਉਦਾਹਰਨ ਲਈ, ਤੁਸੀਂ ਸਾਨੂੰ ਆਪਣੇ ਵਕੀਲ ਨੂੰ ਆਪਣੀ ਜਾਣਕਾਰੀ ਭੇਜਣ ਲਈ ਲਿਖਤੀ ਅਧਿਕਾਰ ਪ੍ਰਦਾਨ ਕਰ ਸਕਦੇ ਹੋ। ਜੇਕਰ ਤੁਸੀਂ ਸਾਨੂੰ ਆਪਣੀ ਜਾਣਕਾਰੀ ਸਾਂਝੀ ਕਰਨ ਦਾ ਅਧਿਕਾਰ ਦਿੱਤਾ ਹੈ, ਤਾਂ ਤੁਸੀਂ ਕਿਸੇ ਵੀ ਸਮੇਂ ਆਪਣਾ ਮਨ ਬਦਲ ਸਕਦੇ ਹੋ ਅਤੇ ਸਾਨੂੰ ਲਿਖਤੀ ਰੂਪ ਵਿੱਚ ਦੱਸ ਕੇ ਜਾਣਕਾਰੀ ਸਾਂਝੀ ਨਾ ਕਰਨ ਲਈ ਕਹਿ ਸਕਦੇ ਹੋ। ਜੇਕਰ ਤੁਸੀਂ ਆਪਣਾ ਮਨ ਬਦਲਦੇ ਹੋ, ਤਾਂ ਅਸੀਂ ਤੁਹਾਡੀ ਜਾਣਕਾਰੀ ਨੂੰ ਭਵਿੱਖ ਵਿੱਚ ਸਾਂਝਾ ਕਰਨਾ ਬੰਦ ਕਰ ਦੇਵਾਂਗੇ, ਪਰ ਪਹਿਲਾਂ ਹੀ ਜਾਰੀ ਕੀਤੀ ਜਾ ਚੁੱਕੀ ਕਿਸੇ ਵੀ ਜਾਣਕਾਰੀ ਨੂੰ ਰੋਕਣ ਵਿੱਚ ਅਸਮਰੱਥ ਹੋਵਾਂਗੇ।

ਤੁਹਾਡੇ ਕੋਲ ਅਜੇ ਵੀ ਆਪਣੀ SUD ਜਾਣਕਾਰੀ ਦੇ ਖੁਲਾਸੇ 'ਤੇ ਪਾਬੰਦੀਆਂ ਦੀ ਬੇਨਤੀ ਕਰਨ, ਆਪਣੇ ਅਧਿਕਾਰ ਨੂੰ ਵਾਪਸ ਲੈਣ, ਖੁਲਾਸਿਆਂ ਦਾ ਲੇਖਾ-ਜੋਖਾ ਪ੍ਰਾਪਤ ਕਰਨ, ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਨਿੱਜਤਾ ਦੇ ਅਧਿਕਾਰਾਂ ਦੀ ਉਲੰਘਣਾ ਹੋਈ ਹੈ ਤਾਂ ਸ਼ਿਕਾਇਤ ਦਰਜ ਕਰਨ, ਅਤੇ ਇਸ ਨੋਟਿਸ ਦੀ ਕਾਗਜ਼ੀ ਜਾਂ ਇਲੈਕਟ੍ਰਾਨਿਕ ਕਾਪੀ ਪ੍ਰਾਪਤ ਕਰਨ ਦਾ ਅਧਿਕਾਰ ਹੈ, ਜਿਵੇਂ ਕਿ ਇਸ ਨੋਟਿਸ ਦੇ ਹੋਰ ਹਿੱਸਿਆਂ ਵਿੱਚ ਦੱਸਿਆ ਗਿਆ ਹੈ। ਇਸ ਤੋਂ ਇਲਾਵਾ, ਜੇਕਰ ਤੁਹਾਡੀ ਜਾਣਕਾਰੀ ਹੈਲਥ ਇਨਫਾਰਮੇਸ਼ਨ ਐਕਸਚੇਂਜ (health information exchange), ਦੇਖਭਾਲ ਪ੍ਰਬੰਧਨ ਸੰਸਥਾ, ਜਾਂ ਕਿਸੇ ਹੋਰ ਵਿਚੋਲੇ ਰਾਹੀਂ ਇਲਾਜ ਲਈ ਸਾਂਝੀ ਕੀਤੀ ਗਈ ਸੀ, ਤਾਂ ਤੁਹਾਡੇ ਕੋਲ ਪਿਛਲੇ 3 ਸਾਲਾਂ ਲਈ ਵਿਚੋਲੇ ਦੁਆਰਾ ਕੀਤੇ ਗਏ ਖੁਲਾਸਿਆਂ ਦੀ ਸੂਚੀ ਪ੍ਰਾਪਤ ਕਰਨ ਦਾ ਅਧਿਕਾਰ ਹੈ। ਅਜਿਹੇ ਖੁਲਾਸਿਆਂ ਦੀ ਸੂਚੀ ਲਈ ਤੁਹਾਡੀ ਬੇਨਤੀ ਤੁਹਾਡੇ ਨਸ਼ਾ ਵਰਤੋਂ ਵਿਕਾਰ (SUD) ਭਾਗ 2 ਪ੍ਰੋਗਰਾਮ ਨੂੰ ਲਿਖਤੀ ਰੂਪ ਵਿੱਚ ਹੋਣੀ ਚਾਹੀਦੀ ਹੈ। ਨਾਲ ਹੀ, ਤੁਹਾਡੇ ਕੋਲ ਪਿਛਲੇ 3 ਸਾਲਾਂ ਦੌਰਾਨ ਤੁਹਾਡੇ ਅਧਿਕਾਰ ਨਾਲ ਕੀਤੇ ਗਏ ਖੁਲਾਸਿਆਂ ਦਾ ਲੇਖਾ-ਜੋਖਾ ਪ੍ਰਾਪਤ ਕਰਨ ਦਾ ਅਧਿਕਾਰ ਹੈ।

ਤੁਹਾਡੇ ਰਿਕਾਰਡਾਂ ਨੂੰ ਫੰਡ ਇਕੱਠਾ ਕਰਨ ਦੇ ਉਦੇਸ਼ਾਂ ਲਈ ਵਰਤੇ ਜਾਣ ਤੋਂ ਪਹਿਲਾਂ ਤੁਹਾਨੂੰ ਅਜਿਹੇ ਸੰਚਾਰਾਂ ਤੋਂ ਬਾਹਰ ਹੋਣ ਦਾ ਮੌਕਾ ਦਿੱਤਾ ਜਾਵੇਗਾ।

ਵਧੇਰੀ ਜਾਣਕਾਰੀ ਲਈ 42 U.S.C. ਸੈਕਸ਼ਨ 290dd-2 ਅਤੇ 42 C.F.R., ਭਾਗ 2 ਦੇਖੋ।

## ਇਸ ਨੋਟਿਸ ਵਿੱਚ ਬਦਲਾਅ

ਅਸੀਂ ਇਸ ਨੋਟਿਸ ਨੂੰ ਬਦਲਣ ਦਾ ਅਧਿਕਾਰ ਰਾਖਵਾਂ ਰੱਖਦੇ ਹਾਂ। ਅਸੀਂ ਸੋਧੇ ਹੋਏ ਜਾਂ ਬਦਲੇ ਹੋਏ ਨੋਟਿਸ ਨੂੰ ਉਸ ਡਾਕਟਰੀ ਜਾਣਕਾਰੀ ਲਈ ਪ੍ਰਭਾਵੀ ਬਣਾਉਣ ਦਾ ਅਧਿਕਾਰ ਰਾਖਵਾਂ ਰੱਖਦੇ ਹਾਂ ਜੋ ਸਾਡੇ ਕੋਲ ਪਹਿਲਾਂ ਹੀ ਤੁਹਾਡੇ ਬਾਰੇ ਹੈ, ਅਤੇ ਨਾਲ ਹੀ ਭਵਿੱਖ ਵਿੱਚ ਪ੍ਰਾਪਤ ਹੋਣ ਵਾਲੀ ਕਿਸੇ ਵੀ ਜਾਣਕਾਰੀ ਲਈ। ਅਸੀਂ ਮੌਜੂਦਾ ਨੋਟਿਸ ਦੀ ਇੱਕ ਕਾਪੀ ਡਾਕ ਰਾਹੀਂ ਭੇਜਾਂਗੇ।

ਇਸ ਤੋਂ ਇਲਾਵਾ, ਹਰ ਵਾਰ ਜਦੋਂ ਤੁਸੀਂ ਇਨਪੇਸ਼ੈਂਟ ਜਾਂ ਆਊਟਪੇਸ਼ੈਂਟ ਵਜੋਂ ਇਲਾਜ ਜਾਂ ਸਿਹਤ ਸੰਭਾਲ ਸੇਵਾਵਾਂ ਲਈ ਰਜਿਸਟਰ ਹੁੰਦੇ ਹੋ ਜਾਂ ਹਸਪਤਾਲ ਵਿੱਚ ਦਾਖਲ ਹੁੰਦੇ ਹੋ, ਤਾਂ ਤੁਹਾਡੀ ਬੇਨਤੀ 'ਤੇ ਉਸ ਸਮੇਂ ਪ੍ਰਭਾਵੀ ਨੋਟਿਸ ਦੀ ਇੱਕ ਕਾਪੀ ਉਪਲਬਧ ਹੋਵੇਗੀ।

ਤੁਹਾਨੂੰ ਇਸ ਨੋਟਿਸ ਬਾਰੇ ਚਰਚਾ ਕਰਨ ਅਤੇ ਆਪਣੇ ਸਵਾਲਾਂ ਦੇ ਜਵਾਬ ਪਾਉਣ ਦਾ ਅਧਿਕਾਰ ਹੈ। ਜੇਕਰ ਇਸ ਨੋਟਿਸ ਬਾਰੇ ਤੁਹਾਡਾ ਕੋਈ ਸਵਾਲ ਹੈ, ਤਾਂ ਕਿਰਪਾ ਕਰਕੇ ਬੈਥ ਇਜ਼ਰਾਈਲ ਲਾਹੇ ਹੈਲਥ ਇੰਟੀਗ੍ਰਿਟੀ ਐਂਡ ਕੰਪਲਾਇੰਸ ਵਿਭਾਗ ਨਾਲ (617) 278-8300 'ਤੇ ਜਾਂ NOPP@bilh.org 'ਤੇ ਸੰਪਰਕ ਕਰੋ।